

## ਰੇਡਾਨ ਕੀ ਹੈ?

ਰੇਡਾਨ (Radon) ਇੱਕ ਰੇਡੀਓਐਕਟਿਵ ਗੈਸ ਹੈ ਜੋ ਕੁਦਰਤੀ ਤੌਰ 'ਤੇ ਉਸ ਸਮੇਂ ਪੈਦਾ ਹੁੰਦੀ ਹੈ ਜਦ ਮਿੱਟੀ ਅਤੇ ਚਟਾਨ ਵਿੱਚ ਮੌਜੂਦ ਯੁਰੇਨੀਅਮ ਟੁੱਟਦਾ ਹੈ। ਇਹ ਨਜ਼ਰ ਨਹੀਂ ਆਉਂਦੀ ਅਤੇ ਇਸ ਦੀ ਕੋਈ ਗੰਧ ਜਾਂ ਸੁਆਦ ਨਹੀਂ ਹੁੰਦਾ। ਜਦ ਰੇਡਾਨ ਧਰਤੀ ਵਿਚੋਂ ਨਿਕਲ ਕੇ ਬਾਹਰ ਹਵਾ ਵਿੱਚ ਆਉਂਦੀ ਹੈ, ਇਹ ਬਹੁਤ ਘੱਟ ਮਾਤਰਾ ਵਿੱਚ ਹੁੰਦੀ ਹੈ ਅਤੇ ਚਿੰਤਾ ਦਾ ਕਾਰਨ ਨਹੀਂ ਹੁੰਦੀ। ਪਰ ਘਰ ਵਰਗੀ ਬੰਦ ਥਾਂ 'ਤੇ ਇਹ ਵੱਡੀ ਮਾਤਰਾ ਵਿੱਚ ਜਮਹ੍ਹਾ ਹੋ ਸਕਦੀ ਹੈ। ਰੇਡਾਨ ਦੀ ਜ਼ਿਆਦਾ ਮਾਤਰਾ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੀ ਸਿਹਤ ਲਈ ਖਤਰਨਾਕ ਹੋ ਸਕਦੀ ਹੈ।

## ਸਿਹਤ ਦੇ ਉੱਪਰ ਰੇਡਾਨ ਦੇ ਕਿਹੜੇ ਅਸਰ ਹੋ ਸਕਦੇ ਹਨ?

ਜਦ ਰੇਡਾਨ ਗੈਸ ਸਾਹ ਦੇ ਨਾਲ ਫੇਫੜਿਆਂ ਵਿੱਚ ਜਾਂਦੀ ਹੈ ਤਾਂ ਇਹ ਰੇਡੀਓਐਕਟਿਵ ਕਣਾਂ ਵਿੱਚ ਤਬਦੀਲ ਹੋ ਜਾਂਦੀ ਹੈ ਅਤੇ ਇਹ ਕਣ ਊਰਜਾ ਦੀਆਂ ਛੋਟੀਆਂ ਛੋਟੀਆਂ ਬੁਛਾੜਾਂ ਕਰਦੇ ਹਨ। ਇਸ ਊਰਜਾ ਨੂੰ ਫੇਫੜਿਆਂ ਦੇ ਨੇੜਲੇ ਟਿਸ਼ੂ ਜਜ਼ਬ ਕਰ ਲੈਂਦੇ ਹਨ ਅਤੇ ਫੇਫੜਿਆਂ ਦੇ ਟਿਸ਼ੂਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜਦ ਵਿਗਾੜ ਵਾਲੇ ਇਹ ਸੈਲ ਨਵੇਂ ਸੈਲ ਪੈਦਾ ਕਰਦੇ ਹਨ ਤਾਂ ਇਹਨਾਂ ਦੇ ਕਾਰਨ ਕੈਂਸਰ ਹੋਣ ਦੀ ਸੰਭਾਵਨਾ ਹੋ ਸਕਦੀ ਹੈ।

**ਤਮਾਕੂ ਨਾ ਪੀਣ ਵਾਲੇ ਲੋਕਾਂ ਵਿੱਚ ਰੇਡਾਨ ਦੇ ਸੰਪਰਕ ਵਿੱਚ ਆਉਣਾ ਫੇਫੜਿਆਂ ਦੇ ਕੈਂਸਰ ਦਾ ਸਭ ਤੋਂ ਵੱਡਾ ਕਾਰਨ ਹੈ।** ਘਰ ਦੇ ਅੰਦਰ ਰੇਡਾਨ ਦੀ ਵੱਡੀ ਮਾਤਰਾ ਦੇ ਸੰਪਰਕ ਵਿੱਚ ਆਉਣ ਨਾਲ ਫੇਫੜਿਆਂ ਦੇ ਕੈਂਸਰ ਦੇ ਹੋਣ ਦਾ ਜੋਖਮ ਵੱਧ ਜਾਂਦਾ ਹੈ। ਕੈਂਸਰ ਦਾ ਇਹ ਜੋਖਮ ਰੇਡਾਨ ਦੀ ਮਾਤਰਾ ਅਤੇ ਉਸਦੇ ਸੰਪਰਕ ਵਿੱਚ ਆਉਣ ਦੇ ਅਰਸੇ ਉੱਪਰ ਨਿਰਭਰ ਕਰਦਾ ਹੈ।

ਰੇਡਾਨ ਦੇ ਨਾਲ ਸੰਪਰਕ ਅਤੇ ਤਮਾਕੂ ਦੀ ਵਰਤੋਂ ਇਕੱਠੇ ਮਿਲ ਕੇ ਫੇਫੜਿਆਂ ਦੇ ਕੈਂਸਰ ਦਾ ਜੋਖਮ ਬਹੁਤ ਜ਼ਿਆਦਾ ਵਧਾ ਸਕਦੇ ਹਨ। ਮਿਸਾਲ ਦੇ ਲਈ, ਜੇ ਤੁਸੀਂ ਸਾਰੀ ਉਮਰ ਤਮਾਕੂ ਪੀਂਦੇ ਰਹੇ ਹੋ, ਤਾਂ ਫੇਫੜਿਆਂ ਦੇ ਕੈਂਸਰ ਹੋਣ ਦੀ ਸੰਭਾਵਨਾ 10 ਵਿਚੋਂ 1 ਹੁੰਦੀ ਹੈ। ਜੇ ਤੁਸੀਂ ਇਸ ਵਿੱਚ ਲੰਮੇ ਅਰਸੇ ਲਈ ਰੇਡਾਨ ਦੀ ਵੱਡੀ ਮਾਤਰਾ ਨਾਲ ਸੰਪਰਕ ਜੋੜ ਦਿੰਦੇ ਹੋ ਤਾਂ ਤੁਹਾਡਾ ਜੋਖਮ 3 ਵਿਚੋਂ 1 ਹੋ ਜਾਂਦਾ ਹੈ। ਪਰ ਜੇ ਤੁਸੀ ਤਮਾਕੂ ਨਹੀ ਪੀਂਦੇ ਤਾਂ ਰੇਡਾਨ ਦੀ ਉਸੇ ਵੱਡੀ ਮਾਤਰਾ ਨਾਲ ਸੰਪਰਕ ਦੇ ਕਾਰਨ ਜੋਖਮ ਦਾ ਪੱਧਰ 20 'ਚੋਂ 1 ਹੁੰਦਾ ਹੈ।

## ਰੇਡਾਨ ਕਿਸ ਤਰ੍ਹਾਂ ਮੇਰੇ ਘਰ ਵਿੱਚ ਆ ਸਕਦੀ ਹੈ?

ਰੇਡਾਨ ਗੈਸ ਧਰਤੀ ਦੇ ਵਿਚੋਂ ਨਿਕਲ ਕੇ ਬਿਲਡਿੰਗਾਂ ਦੇ ਅੰਦਰ ਅਤੇ ਬਾਹਰ ਹਵਾ ਵਿੱਚ ਚਲੀ ਜਾਂਦੀ ਹੈ।


ਰੇਡਾਨ ਕਿਸੇ ਵੀ ਅਜਿਹੀ ਥਾਂ ਤੋਂ ਘਰ ਵਿੱਚ ਦਾਖਲ ਹੋ ਸਕਦੀ ਹੈ ਜਿਥੇ ਮਕਾਨ ਅਤੇ ਧਰਤੀ ਦੇ ਸੰਪਰਕ ਵਾਲੀ ਕਿਸੇ ਥਾਂ 'ਤੇ ਇਸ ਨੂੰ ਅੰਦਰ ਦਾਖਲ ਹੋਣ ਦਾ ਰਸਤਾ ਮਿਲਦਾ ਹੈ, ਜਿਸ ਦੀਆਂ ਮਿਸਾਲਾਂ ਬੁਨਿਆਦ ਦੀਆਂ ਦਿਵਾਰਾਂ ਅਤੇ ਫਰਸ਼ ਦੇ ਸਲੈਬਾਂ ਵਿੱਚ ਦਰਾਰਾਂ, ਉਸਾਰੀ ਵਾਲੇ ਜੋੜ, ਸੇਵਾ ਪਾਈਪਾਂ, ਸਹਾਰੇ ਵਾਲੇ ਖੰਭਿਆਂ, ਖਿੜਕੀਆਂ ਦੀਆਂ ਕੇਸਮੈਂਟਾਂ, ਫਰਸ਼ ਹੇਠਲੀਆਂ ਨਿਕਾਸ ਪਾਈਪਾਂ, ਕੁੰਡਾਂ ਆਦਿ ਦੇ ਆਲੇ ਦੁਆਲੇ ਵਿੱਥਾਂ ਅਤੇ ਦਿਵਾਰਾਂ ਦੇ ਅੰਦਰ ਖੋਖਲੀਆਂ ਥਾਂਵਾਂ ਹਨ।

## ਕੈਨੇਡਾ ਵਿੱਚ ਰੇਡਾਨ ਦੀਆਂ ਕਿਹੜੀਆਂ ਪੱਧਰਾਂ ਹਨ?

**ਕੈਨੇਡਾ ਦੇ ਸਾਰੇ ਘਰਾਂ ਵਿੱਚ ਰੇਡਾਨ ਗੈਸ ਮੌਜੂਦ ਹੁੰਦੀ ਹੈ।** ਪੱਧਰਾਂ ਸਾਰੇ ਦੇਸ਼ ਵਿੱਚ ਵੱਖੋ ਵੱਖਰੀਆਂ ਹਨ ਪਰ ਆਮ ਤੌਰ ਤੇ ਇਹ ਉਹਨਾਂ ਥਾਂਵਾਂ ਤੇ ਵੱਧ ਹਨ ਜਿਥੇ ਹੇਠਲੀਆਂ ਚੱਟਾਨਾਂ ਅਤੇ ਮਿੱਟੀ ਵਿੱਚ ਯੂਰੇਨੀਅਮ ਦੀ ਮਾਤਰਾ ਜ਼ਿਆਦਾ ਹੈ।

ਰੇਡਾਨ ਦੀਆਂ ਪੱਧਰਾਂ ਹਰ ਘਰ ਵਿੱਚ ਵੱਖਰੀਆਂ ਹੁੰਦੀਆਂ ਹਨ, ਭਾਵੇਂ ਇਹਨਾਂ ਘਰਾਂ ਦਾ ਡਿਜ਼ਾਈਨ ਇੱਕੋ ਜਿਹਾ ਹੋਵੇ ਅਤੇ ਉਹ ਇੱਕ ਦੂਜੇ ਦੇ ਨਾਲ ਜੁੜੇ ਹੋਣ। **ਤੁਹਾਡੇ ਘਰ ਦੀ ਉਮਰ, ਬਣਤਰ ਅਤੇ ਥਾਂ ਭਾਵੇਂ ਜੋ ਵੀ ਹੋਵੇ, ਤੁਹਾਡੇ ਘਰ ਵਿੱਚ ਰੇਡਾਨ ਦੇ ਪੱਧਰ ਦਾ ਪੱਕਾ ਪਤਾ ਲਾਉਣ ਦਾ ਇੱਕੋ ਇੱਕ ਤਰੀਕਾ ਉਸ ਦੀ ਜਾਂਚ ਕਰਨਾ ਹੈ।**

## ਰੇਡਾਨ ਕਿਸ ਤਰ੍ਹਾਂ ਮੇਰੇ ਘਰ ਵਿੱਚ ਆ ਸਕਦੀ ਹੈ??





*ਕੈਨੇਡਾ ਦੇ ਜੀਓਲੋਜੀਕਲ ਸਰਵੇ ਦੀ ਕਿਰਪਾ ਨਾਲ, ਕੁਦਰਤੀ ਸਰੋਤ ਕੈਨੇਡਾ 2008 ਦੀ ਇਜਾਜ਼ਤ ਨਾਲ ਦੁਬਾਰਾ ਤਿਆਰ ਕੀਤਾ ਗਿਆ।*

## ਘਰ ਦੇ ਅੰਦਰਲੀ ਹਵਾ ਵਿੱਚ ਰੇਡਾਨ ਲਈ ਕੈਨੇਡਾ ਦੀ ਮੌਜੂਦਾ ਸੇਧ ਕੀ ਹੈ?

ਰਿਹਾਇਸ਼ ਵਾਲੀਆਂ ਥਾਂਵਾਂ ਲਈ ਘਰ ਦੇ ਅੰਦਰਲੀ ਹਵਾ ਲਈ ਕੈਨੇਡਾ ਦੀ ਸੇਧ 200 ਬੈਕਰਲ ਪਰ੍ਤੀ ਕਿਊਬਿਕ ਮੀਟਰ (200 $Bq/m^3$) ਹੈ। ਬੈਕਰਲ ਇੱਕ ਅਜਿਹੀ ਇਕਾਈ ਹੈ ਜੋ ਨਿਕਲਣ ਵਾਲੀ ਰੇਡੀਏਸ਼ਨ ਦੀ ਮਾਤਰਾ ਪਰ੍ਤੀ ਸਕਿੰਟ ਮਾਪਦੀ ਹੈ। ਰਿਹਾਇਸ਼ ਵਾਲੀ ਥਾਂ ਵਿੱਚ ਰੇਡਾਨ ਦਾ ਪੱਧਰ ਇਸ ਸੇਧ ਤੋਂ ਵੱਧ ਨਹੀਂ ਹੋਣਾ ਚਾਹੀਦਾ। ਹਾਲਾਂਕਿ ਕੈਨੇਡਾ ਦੀ ਸੇਧ ਤੋਂ ਘੱਟ ਪੱਧਰ 'ਤੇ ਰੇਡਾਨ ਦੇ ਕਾਰਨ ਸਿਹਤ ਨੂੰ ਜੋਖਮ ਮਾਮੂਲੀ ਹੈ ਪਰ ਕੋਈ ਵੀ ਪੱਧਰ ਜੋਖਮ ਮੁਕਤ ਨਹੀਂ ਹੈ। ਮਕਾਨ ਦੇ ਮਾਲਿਕ ਨੂੰ ਇਹ ਫੈਸਲਾ ਕਰਨਾ ਹੁੰਦਾ ਹੈ ਕਿ ਉਹ ਰੇਡਾਨ ਦੇ ਕਿਸ ਪੱਧਰ ਦੇ ਸੰਪਰਕ ਨੂੰ ਮਨਜ਼ੂਰ ਕਰਨ ਲਈ ਤਿਆਰ ਹੈ।

ਹੇਠਾਂ ਦਿੱਤੇ ਗਏ ਚਾਰਟ ਵਿੱਚ ਰੇਡਾਨ ਦੇ ਕਾਰਨ ਹੋਣ ਵਾਲੇ ਮੌਤ ਦੇ ਜੋਖਮ ਦਾ ਮੁਕਾਬਲਾ ਦੂਜੇ ਗਿਆਤ ਜੋਖਮਾਂ, ਜਿਵੇਂ ਕਾਰ ਦੁਰਘਟਨਾ, ਕਾਰਬਨ ਮੋਨੋਆਕਸਾਈਡ ਅਤੇ ਘਰ ਵਿੱਚ ਅੱਗ ਲਗਣ ਨਾਲ ਕੀਤਾ ਗਿਆ ਹੈ। ਫੇਫੜਿਆਂ ਦੇ ਕੈਂਸਰ ਦਾ ਜੋਖਮ ਕਾਫੀ ਵੱਡਾ ਹੈ ਪਰ ਇਸ ਨੂੰ ਰੋਕਿਆ ਜਾ ਸਕਦਾ ਹੈ। ਤੁਹਾਡੇ ਰੇਡਾਨ ਦੇ ਪੱਧਰ ਦਾ ਪਤਾ ਲਾਉਣ ਦਾ ਇੱਕੋ ਇੱਕ ਤਰੀਕਾ ਜਾਂਚ ਕਰਨਾ ਹੈ ਅਤੇ ਜੇ ਪੱਧਰ ਉੱਚੇ ਹਨ ਤਾਂ ਉਹਨਾਂ ਨੂੰ ਘੱਟ ਕਰਨ ਲਈ ਕਦਮ ਚੁਕਣੇ ਚਾਹੀਦੇ ਹਨ।




ਹਵਾਲੇ:


1. www.tc.gc.ca/en/services/road/publications/canadian-motor-vehicle-traffic-collision-statistics-2016.html
2. www.injuryresearch.bc.ca/wp-content/uploads/2017/10/Carbon-Monoxide-Oct-2017-Final-UFV.pdf
3. www150.statcan.gc.ca/t1/tbl1/en/tv.action?pid=3510019501

## ਆਪਣੇ ਘਰ ਵਿੱਚ ਰੇਡਾਨ ਦੀ ਜਾਂਚ ਮੈਂ ਕਿਵੇਂ ਕਰਾਂ?

ਕਿਸੇ ਘਰ ਦੀ ਰੇਡਾਨ ਵਾਸਤੇ ਜਾਂਚ ਕਰਨ ਦੇ ਦੋ ਤਰੀਕੇ ਹਨ: ਆਪਣੇ ਆਪ ਰੇਡਾਨ ਦੀ ਜਾਂਚ ਕਰਨ ਲਈ ਕਿੱਟ ਖਰੀਦਣਾ ਜਾਂ ਰੇਡਾਨ ਮਾਪਣ ਵਾਲੇ ਕਿਸੇ ਮਾਹਰ ਨੂੰ ਬੁਲਾਉਣਾ। ਜੇ ਤੁਸੀਂ ਰੇਡਾਨ ਟੈਸਟ ਕਿੱਟ ਖਰੀਦਣ ਦਾ ਫੈਸਲਾ ਕਰਦੇ ਹੋ ਤਾਂ ਜ਼ਰੂਰੀ ਹੈ ਕਿ ਤੁਸੀਂ ਟੈਸਟ ਨੂੰ ਸਹੀ ਢੰਗ ਨਾਲ ਪੂਰਾ ਕਰਨ ਲਈ ਸਾਰੀਆਂ ਹਦਾਇਤਾਂ ਦੀ ਪੂਰੀ ਤਰਹ੍ਾਂ ਪਾਲਣਾ ਕਰੋ।

ਜੇ ਤੁਸੀਂ ਆਪਣੇ ਘਰ ਵਿੱਚ ਰੇਡਾਨ ਟੈਸਟ ਕਰਨ ਲਈ  ਕਿਸੇ ਸੇਵਾ ਪਰ੍ਦਾਤਾ ਨੂੰ ਬੁਲਾਉਣ ਦਾ ਫੈਸਲਾ ਕਰਦੇ ਹੋ ਤਾਂ ਅਸੀਂ ਇਹ ਸਿਫਾਰਸ਼ ਕਰਾਂਗੇ ਕਿ ਤੁਸੀਂ ਪੱਕਾ ਕਰੋ ਕਿ ਉਹ ਤਸਦੀਕਸ਼ੁਦਾ ਮਾਹਰ ਹੋਵੇ ਅਤੇ ਘੱਟੋ-ਘੱਟ ਤਿੰਨ ਮਹੀਨਿਆਂ ਲਈ ਲੰਮੇ ਅਰਸੇ ਦਾ ਟੈਸਟ ਕਰੇ।

## ਰੇਡਾਨ ਟੈਸਟ ਕਰਨ ਲਈ ਕਿੱਟ ਮੈਨੂੰ ਕਿਥੇ ਮਿਲ ਸਕਦੀ ਹੈ?

ਰੇਡਾਨ ਟੈਸਟ ਕਿੱਟ ਤੁਸੀਂ ਫੋਨ 'ਤੇ, ਇੰਟਰਨੈਟ ਤੇ ਜਾਂ ਘਰ ਸੁਧਾਰ ਰਿਟੇਲਰਾਂ ਕੋਲੋਂ ਖਰੀਦ ਸਕਦੇ ਹੋ।  ਰੇਡਾਨ ਟੈਸਟ ਕਿੱਟ ਵਿੱਚ ਜਾਂਚ ਕਰਨ ਦੇ ਤਰੀਕੇ ਅਤੇ ਟੈਸਟਿੰਗ ਪੀਰਿਅਡ ਪੂਰਾ ਹੋਣ ਦੇ ਬਾਅਦ ਇਸ ਨੂੰ ਲੈਬ ਵਿੱਚ ਵਿਸ਼ਲੇਸ਼ਣ ਲਈ ਭੇਜਣ ਬਾਰੇ ਹਦਾਇਤਾਂ ਵੀ ਸ਼ਾਮਿਲ ਹੁੰਦੀਆਂ ਹਨ। ਜਾਂਚ ਦਾ ਖਰਚਾ  $30 ਤੋਂ $60 ਹੁੰਦਾ ਹੈ। ਰੇਡਾਨ ਟੈਸਟਿੰਗ ਦੇ ਬਾਰੇ ਹੋਰ ਜਾਣਕਾਰੀ ਲਈ ਇਥੇ ਜਾਓ: **www.takeactiononradon.ca**

## ਆਪਣੇ ਘਰ ਵਿੱਚ ਮੈਂ  ਕਿਥੇ ਟੈਸਟ ਕਰਾਂ?

ਤੁਹਾਡਾ ਪਰਿਵਾਰ ਦੇ ਰੇਡਾਨ ਨਾਲ ਸੰਪਰਕ ਦਾ ਸਹੀ ਅੰਦਾਜ਼ਾ ਲਾਉਣ ਲਈ ਜ਼ਰੂਰੀ ਹੈ ਕਿ ਸਾਰੀਆਂ ਮਾਪਾਂ ਘਰ ਦੇ ਸਭ ਤੋਂ ਹੇਠਲੇ ਰਿਹਾਇਸ਼ੀ ਮੰਜ਼ਲ 'ਤੇ ਲਈਆਂ ਜਾਣ। ਇਸ ਦਾ ਮਤਲਬ ਉਹ ਸਭ ਤੋਂ ਹੇਠਲੀ ਮੰਜ਼ਲ ਹੈ ਜੋ ਹਰ ਰੋਜ਼ ਚਾਰ ਘੰਟੇ ਤੋਂ ਵੱਧ ਸਮੇਂ ਲਈ ਵਰਤੀ ਜਾਂਦੀ ਹੋਵੇ ਜਾਂ ਉਥੇ ਲੋਕ ਹੋਣ। ਕੁਝ ਘਰਾਂ ਲਈ ਇਹ ਮਨ-ਪਰਚਾਵੇ ਲਈ ਕਮਰੇ ਵਾਲੀ ਬੇਸਮੈਂਟ ਹੋ ਸਕਦੀ ਹੈ, ਅਤੇ ਕੁਝ ਘਰਾਂ ਲਈ ਗਰ੍ਾਉਂਡ ਫਲੋਰ ਹੋ ਸਕਦਾ ਹੈ। ਜੇ ਤੁਸੀਂ ਆਪਣੀ ਬੇਸਮੈਂਟ ਦੀ ਵਰਤੋਂ ਹਫਤੇ ਵਿੱਚ ਸਿਰਫ ਇੱਕ ਵਾਰੀ ਲਾਂਡਰੀ ਦੇ ਲਈ ਕਰਦੇ ਹੋ ਤਾਂ ਉਸ ਮੰਜ਼ਲ 'ਤੇ ਤੁਹਾਨੂੰ ਜਾਂਚ ਕਰਨ ਦੀ ਲੋੜ ਨਹੀਂ ਹੈ – ਸੰਪਰਕ ਵਿੱਚ ਆਉਣ ਵਾਲਾ ਤੁਹਾਡਾ ਸਮਾਂ ਇੰਨਾਂ ਜ਼ਿਆਦਾ ਨਹੀਂ ਹੋਵੇਗਾ ਕਿ ਤੁਹਾਡੀ ਸਿਹਤ 'ਤੇ ਅਸਰ ਪੈ ਸਕੇ।

## ਕੀ ਰੇਡਾਨ ਦੇ ਉੱਚੇ ਪੱਧਰਾਂ ਦਾ ਅਸਰ ਮੇਰੇ ਘਰ ਦੀ ਕੀਮਤ 'ਤੇ ਵੀ ਪਵੇਗਾ?

ਇਹ ਗੱਲ ਯਾਦ ਰੱਖੋ ਕਿ ਰੇਡਾਨ ਗੈਸ ਸਾਰੇ ਘਰਾਂ ਵਿੱਚ ਹੁੰਦੀ ਹੈ। ਜਿਥੇ ਰੇਡਾਨ ਦੀ ਮਾਤਰਾ ਜ਼ਿਆਦਾ ਮਿਲਦੀ ਹੈ ਉਸ ਨੂੰ ਆਮ ਤੌਰ 'ਤੇ ਆਸਾਨੀ ਨਾਲ, ਤੁਹਾਡੇ ਮਕਾਨ ਦੀ ਕੀਮਤ ਦੇ ਮੁਕਾਬਲੇ ਮਾਮੂਲੀ ਜਿਹਾ ਖਰਚਾ ਕਰਕੇ, ਠੀਕ ਕੀਤਾ ਜਾ ਸਕਦਾ ਹੈ।  ਜੇ ਰੇਡਾਨ ਦਾ ਪੱਧਰ ਉੱਚਾ ਪਾਇਆ ਜਾਂਦਾ ਹੈ ਤਾਂ ਇਸ ਸਮੱਸਿਆ ਨੂੰ ਹਲ ਕਰਕੇ ਤੁਹਾਡੇ ਘਰ ਦੀ ਕੀਮਤ ਨੂੰ ਸੁਰੱਖਿਅਤ ਕੀਤਾ ਜਾ ਸਕਦਾ ਹੈ।



## ਮੇਰੇ ਘਰ ਵਿੱਚ ਰੇਡਾਨ ਦੀ ਮਾਤਰਾ ਨੂੰ ਘੱਟ ਕਿਵੇਂ ਕੀਤਾ ਜਾ ਸਕਦਾ ਹੈ?

ਜੇ ਰੇਡਾਨ ਜਾਂਚ ਟੈਸਟ ਦਾ ਨਤੀਜਾ 200 $Bq/m^3$ ਦੀ ਸੇਧ ਤੋਂ ਵੱਧ ਹੈ, ਤਾਂ ਤੁਹਾਨੂੰ ਆਪਣੇ ਘਰ ਨੂੰ ਠੀਕ ਕਰਨਾ ਚਾਹੀਦਾ ਹੈ। ਰੇਡਾਨ ਦੇ ਪੱਧਰਾਂ ਨੂੰ ਘੱਟ ਕਰਨ ਵਾਲੀਆਂ ਤਕਨੀਕਾਂ ਕਾਰਗਰ ਹਨ ਅਤੇ ਲੋਕਾਂ ਦੀਆਂ ਜਾਨਾਂ ਬਚਾ ਸਕਦੀਆਂ ਹਨ। ਹੈਲਥ ਕੈਨੇਡਾ  ਦੀ ਇਹ ਸਿਫਾਰਸ਼ ਹੈ ਕਿ ਆਪਣੇ ਘਰ ਵਿੱਚ ਰੇਡਾਨ ਦੇ ਪੱਧਰ ਨੂੰ ਘੱਟ ਕਰਨ ਦੇ ਬਿਹਤਰੀਨ ਤਰੀਕੇ ਦਾ ਪਤਾ ਲਾਉਣ ਵਿੱਚ ਮਦਦ ਦੇ ਲਈ ਤੁਸੀਂ *ਕੈਨੇਡੀਅਨ ਨੈਸ਼ਨਲ ਰੇਡਾਨ ਪਰ੍ਾਫਿਸ਼ੈਂਸੀ ਪਰ੍ੋਗਰਾਮ* (C-NRPP) ਦੇ ਅੰਤਰਗਤ ਤਸਦੀਕਸ਼ੁਦਾ ਮਿਟੀਗੇਸ਼ਨ ਪੇਸ਼ੇਵਰ ਨੂੰ ਬੁਲਾਓ।

ਰੇਡਾਨ ਨੂੰ ਘੱਟ ਕਰਨ ਦਾ ਸਭ ਤੋਂ ਆਮ ਤਰੀਕਾ ਹੇਠਲੀ ਮਿੱਟੀ ਦਾ ਦਬਾਅ ਘੱਟ ਕਰਨਾ ਹੈ। ਇਸ ਵਿਵਸਥਾ ਵਿੱਚ ਮਕਾਨ ਦੀ ਬੁਨਿਆਦ ਦੇ ਹੇਠੋਂ ਹਵਾ (ਅਤੇ ਰੇਡਾਨ ਗੈਸ) ਨੂੰ ਖਿੱਚ ਕੇ ਬਾਹਰ ਕੱਢਿਆ ਜਾਂਦਾ ਹੈ। ਇਸ ਵਿਵਸਥਾ ਦੇ ਲਈ ਆਮ ਤੌਰ ਤੇ ਬੁਨਿਆਦ ਵਾਲੇ ਫਰਸ਼ ਦੇ ਵਿਚੋਂ ਇੱਕ ਪਾਈਪ ਲਗਾਈ ਜਾਂਦੀ ਹੈ ਜਿਸਨੂੰ ਬਾਹਰਲੀ ਦਿਵਾਰ ਦੇ ਨਾਲ ਜਾਂ ਉਸ ਤੋਂ ਉੱਪਰ ਛੱਤ ਵਾਲੀ ਲਾਈਨ ਨਾਲ ਜੋੜਿਆ ਜਾਂਦਾ ਹੈ। ਪਾਈਪ ਦੇ ਨਾਲ ਇੱਕ ਛੋਟਾ ਪੰਖਾ ਜੋੜਿਆ ਜਾਂਦਾ ਹੈ ਜੋ ਰੇਡਾਨ ਨੂੰ ਮਕਾਨ ਦੇ ਹੇਠੋਂ ਉੱਪਰ ਖਿੱਚਦਾ ਹੈ ਅਤੇ, ਇਸ ਤੋਂ ਪਹਿਲਾਂ ਕਿ ਉਹ ਘਰ ਦੇ ਅੰਦਰ ਦਾਖਲ ਹੋਵੇ, ਘਰੋਂ ਬਾਹਰ ਸੁੱਟ ਦਿੰਦਾ ਹੈ।

ਤਸਦੀਕਸ਼ੁਦਾ ਮਿਟੀਗੇਟਰ ਦਾ ਪਤਾ ਲਾਉਣ ਲਈ **www.c-nrpp.ca**a 'ਤੇ  ਜਾਓ ਜਾਂ 1-855-722-6777 ਤੇ ਕਾਲ ਕਰੋ।

## ਮੇਰੇ ਘਰ ਵਿੱਚ ਰੇਡਾਨ ਦਾ ਪੱਧਰ ਘੱਟ ਕਰਨ ਲਈ ਕਿੰਨਾਂ ਖਰਚਾ ਕਰਨਾ ਪਵੇਗਾ?

ਰੇਡਾਨ ਨੂੰ ਘੱਟ ਕਰਨ ਦਾ ਖਰਚਾ ਘਰ ਦੇ ਸਾਈਜ਼ ਅਤੇ ਡਿਜ਼ਾਈਨ ਉੱਪਰ ਅਤੇ ਲੋੜੀਂਦੇ ਕੰਮ ਦੇ ਉੱਪਰ ਨਿਰਭਰ ਕਰਦਾ ਹੈ। ਆਮ ਤੌਰ ਤੇ ਇਹ ਖਰਚਾ $2000 ਤੋਂ $4000 ਹੁੰਦਾ ਹੈ।

## ਮੈਨੂੰ ਹੋਰ ਜਾਣਕਾਰੀ ਕਿਥੇ ਮਿਲ ਸਕਦੀ ਹੈ?

ਰੇਡਾਨ ਬਾਰੇ ਹੋਰ ਜਾਣਕਾਰੀ ਲਈ **canada.ca/radon** 'ਤੇ ਜਾਓ ਜਾਂ **1-866-225-0709, TTY – 1-800-465-7735** 'ਤੇ ਕਾਲ ਕਰੋ।

© ਵਾਲੀ ਮਹਾਰਾਣੀ, ਜਿਨਹ੍ਾਂ ਦਾ ਪਰ੍ਤੀਨਿਧ  ਸਿਹਤ ਮੰਤਰਾਲਾ ਹੈ,  2019

ਪਿਰ੍ੰਟ: Cat.: H129-100/2019E ISBN: 978-0-660-33292-5 ਪਰ੍ਕਾਸ਼ਨ: 190448
ਪੀਡੀਐਫ Cat.: H129-100/2019E-PDF ISBN: 978-0-660-33291-8

Health Canada Santé Canada

Canada

# RADON GAS
# ਰੇਡਾਨ ਇਹਇਹ ਤੁਹਾਡੇ ਘਰ ਦੇ ਅੰਦਰ ਹੈ।
## IT'S IN YOUR HOME

